
# KHALSA PRIMARY SCHOOL
Headteacher: Ms P. K. Sehmi

Volume 6
Issue 17

## Week beginning: 2 February 2015

### Book Fair




From the week commencing **Monday 2nd February**, we will be holding a Book Fair so you will have opportunities to buy books for your children. This will be held from 3.20 pm to 3.45pm every day during the week in the small hall.

### Speech & Language parent workshop for EYFS/KS1 parents

On **Friday 6th February,** the Speech and Language Therapist, Clare Minton will be in school to run a workshop for parents. The aim of this workshop is to provide information so that parents can help and support their children at home.

### Fruit and Milk



Children in years 3, 4 and 5 are bringing in fruit on a daily basis. It is good to see parents supporting and encouraging their child to eat healthy food. Some children do not bring in any fruit - please send a piece of fruit and encourage your child to eat this during break time.




Please note in Years 1, 2, 3 and 4 do not receive free milk from school. If you would like you child to have milk during school time you will need to pay. Please collect a form from the school office and register your child with “Cool Milk”.

### Water Bottles



Some children do not have water bottles at school. It is important that children drink water throughout the day to keep hydrated. Please ensure your child is sent to school with a water bottle and keeps drinking water. Children are allowed to leave their water bottles in school during the week. All classes have monitors who wash and fill up water bottles on a daily basis. Please label your child’s water bottle clearly with their name.

### Thought of the week


**“God shall be my Helper and Support in the end.”**

### ATTENDANCE



Well done to **Guru Amar Das Ji’s Class** for achieving best attendance for week ending **30/01/2015**.

### Dates for your diary




| Date | Event |
|---|---|
| **w/b 2nd February** | **Book Fair**<br>**Every day (small hall) 3.20 - 4pm** |
| **Friday 6th February** | **Reception - Sahibzade Zorawar Singh Ji’s (Miss Panesar) Class Assembly** |
| Thursday 12th February | Reception trip - Emirates Aviation centre |
| Monday 16th - Friday 20th February | Half -Term break |

### School Nurse

Fouzia Iqbal, the school nurse will be in school for a “drop in” session on the following dates from 8.45am:

- **Wednesday 11th February**
- Tuesday 10th March
- Wednesday 15th April

Please use this session as an opportunity to come and see her to discuss any medical/wellbeing concerns you may have about your child. She will be able to discuss concerns such as; Healthy eating, Asthma, Allergies etc.

### Attendance

Good attendance and punctuality is very important if your child is to learn and achieve well. Long or frequent absences disrupt learning and it is extremely difficult to catch up on what has been missed. You have a duty to ensure that your child attends school regularly and on time. The school will intervene if a pupil’s level of attendance is lower than the level required for efficient full-time education. Please do not take holidays during school time as these will not be authorised.

### Appointments




Appointments for children should be made outside of school hours. If you need to collect your child during the school day you MUST bring a copy of the appointment letter/card. In the case of an emergency appointment, please inform the school office in the morning. Thank you.

### Dropping off children

For the safety of your child, it is a requirement that all children are accompanied by parents/carers to the school grounds. Please remain with your child until staff are in the playground to collect the class. **Please do not drop your child off at the pedestrian gates.**

### Vaisakhi Celebrations

We will celebrating Vaisakhi this year on Friday 1st May at school. We will also be changing the Nishan Sahib chaula (cloth). If any parents would like to do the sewa of getting the orange cloth for the Nishan Sahib please let office staff know.

### GOLDEN RULES

This week’s Golden Rule is **‘Remembering God’.**

Children who were awarded for **Caring & Sharing** for week ending **30/01/2015:**

**Year 5:**
Guru Har Krishan Sahib Ji - Tajneet
Guru Har Rai Sahib Ji - Tanveen



**Year 4:**
Guru Hargobind Sahib Ji - Nikita
Guru Arjan Dev Ji - Simret

**Year 3:**
Guru Ram Das Ji - Sonampreet
Guru Amar Das Ji – Amandeep



**Year 2:**
Guru Nanak Dev Ji - Amrit
Guru Angad Dev Ji - Bavneet

**Year 1:**
Sahibzada Ajit Singh Ji - Gurnit
Sahibzada Jujhar Singh Ji - Rajpreet



**Reception:**
Sahibzada Fateh Singh Ji - Sanjana
Sahibzada Zorawar Singh Ji - Simran


Khalsa Primary School - Norwood Green Road, Southall, Middlesex, UB2 4LA.
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੨ ਫਰਵਰੀ ੨੦੧੫

**ਵਾਲਿਓਮ ੬, ਇਸ਼ੂ ੧੭**





### ਬਚਿੱਆਂ ਦਾ ਪੁਸਤਕ ਹਫ਼ਤਾ

ਸੋਮਵਾਰ ੦੨ ਫਰਵਰੀ ਤੋਂ ਸ਼ੁਰੂ ਹੁੰਦੇ ਹਫ਼ਤੇ ਅਸੀਂ ਪੁਸਤਕ ਹਫ਼ਤਾ ਮਨਾਵਾਂਗੇ।ਤੁਹਾਡੇ ਕੋਲ ਆਪਣੇ ਬਚਿੱਆਂ ਲਈ ਪੁਸਤਕਾਂ ਖਰੀਦਣ ਦਾ ਮੌਕਾ ਹੋਵੇਗਾ।ਇਹ ਪੁਸਤਕ ਮੇਲਾ ਸਾਰਾ ਹਫ਼ਤਾ ਦੁਪਿਹਰ ੩.੨੦ ਤੋਂ ੩.੪੫ ਵਜੇ ਤੱਕ ਸਕੂਲ ਦੇ ਛੋਟੇ ਹਾਲ ਵਿਚ ਲਗੇਗਾ

### ਮਾਪਿਆਂ ਲਈ ਭਾਸ਼ਾ ਅਤੇ ਬੋਲਚਾਲ ਦੀ ਵਰਕਸ਼ਾਪ – ਨਰਸਰੀ ਤੋਂ ਦੂਜੀ ਜਮਾਤ ਤੱਕ

ਸ਼ੁਕਰਵਾਰ ੬ ਫਰਵਰੀ ਨੂੰ ਭਾਸ਼ਾ ਅਤੇ ਬੋਲਚਾਲ ਦੀ ਚਕਿਸਤਕ ਕਲੇਅਰ ਮਿੰਟਨ ਸਕੂਲ ਵਿਚ ਮਾਪਿਆਂ ਲਈ ਇਕ ਵਰਕਸ਼ਾਪ ਲਗਾਉਣਗੇ।ਇਸ ਵਰਕਸ਼ਾਪ ਦਾ ਮੰਤਵ ਮਾਪਿਆਂ ਨੂੰ ਉਹ ਜਾਣਕਾਰੀ ਦੇਣਾ ਹੋਵੇਗਾ ਜਿਸ ਰਾਹੀਂ ਉਹ ਘਰ ਵਿਚ ਬੱਚਿਆਂ ਦੇ ਵਿਕਾਸ ਵਿਚ ਮਦਦ ਕਰ ਸਕਣ।

### ਫਲ ਅਤੇ ਦੁੱਧ




ਤੀਜੀ, ਚੌਥੀ ਅਤੇ ਪੰਜਵੀਂ ਜਮਾਤ ਦੇ ਬੱਚੇ ਰੋਜ਼ਾਨਾ ਫਲ ਲਿਆਉਂਦੇ ਹਨ।ਮਾਪਿਆਂ ਦਾ ਬੱਚਿਆਂ ਨੂੰ ਸਿਹਤਮੰਦ ਖ਼ੁਰਾਕ ਲਈ ਸਹਿਯੋਗ ਦੇਣਾ ਅਤੇ ਉਤਸਾਹਿਤ ਕਰਨਾ ਚੰਗਾ ਲਗਦਾ ਹੈ।ਕੁਝ ਬੱਚੇ ਕੋਈ ਫਲ ਨਹੀਂ ਲਿਆਉਂਦੇ-ਕਿਰਪਾ ਕਰਕੇ ਇਕ ਪੂਰਾ ਫਲ ਆਪ ਜੀ ਬੱਚਿਆਂ ਨਾਲ ਭੇਜਣਾ ਜੀ ਅਤੇ ਉਨ੍ਹਾਂ ਨੂੰ ਇਹ ਫਲ ਬਰੇਕ ਦੇ ਸਮੇਂ ਵਿਚ ਖਾਣ ਲਈ ਉਤਸਾਹਿਤ ਕਰਨਾ ਜੀ।




ਕਿਰਪਾ ਕਰਕੇ ਨੋਟ ਕਰਨਾ ਕਿ ੧ਹਿਲੀ ੨ਜੀ ਅਤੇ ੩ਜੀ ਜਮਾਤ ਨੂੰ ਸਕੂਲ ਵਲੋਂ ਦੁੱਧ ਮੁਹਈਆ ਨਹੀਂ ਕੀਤਾ ਜਾਂਦਾ।ਜੇਕਰ ਤੁਸੀਂ ਚਾਹੁੰਦੇ ਹੋ ਕਿ ਆਪ ਜੀ ਦਾ ਬੱਚਾ ਸਕੂਲ ਦੇ ਸਮੇਂ ਦੌਰਾਨ ਦੁੱਧ ਪੀਵੇ ਤਾਂ ਆਪ ਜੀ ਨੂੰ ਇਸ ਦੁੱਧ ਲਈ ਧਨ ਦੇਣਾ ਹੋਵੇਗਾ।ਕਿਰਪਾ ਕਰਕੇ ਸਕੂਲ ਦਫ਼ਤਰ ਵਿਚੋਂ ਫ਼ਾਰਮ ਲੈ ਕੇ ਆਪਣੇ ਬੱਚੇ ਨੂੰ ਠੰਢੇ ਦੁੱਧ ਲਈ ਰਜਿਸਟਰ ਕਰਨਾ ਜੀ।

### ਪਾਣੀ ਦੀਆਂ ਬੋਤਲਾਂ



ਕੁਝ ਬੱਚਿਆਂ ਦੀਆਂ ਪਾਣੀ ਦੀਆਂ ਬੋਤਲਾਂ ਸਕੂਲ ਵਿਚ ਨਹੀਂ ਹਨ।ਇਹ ਜ਼ਰੂਰੀ ਹੈ ਕਿ ਬੱਚੇ ਤਰੋ ਤਾਜ਼ਾ ਮਹਿਸੂਸ ਕਰਨ ਲਈ ਦਿਨ ਵਿਚ ਕਈ ਵਾਰ ਪਾਣੀ ਪੀਣ।ਕਿਰਪਾ ਕਰਕੇ ਯਕੀਨੀ ਬਣਾਉਣਾ ਕਿ ਆਪ ਜੀ ਦਾ ਬੱਚਾ ਸਕੂਲ ਪਾਣੀ ਦੀ ਬੋਤਲ ਲੈ ਕੇ ਆਵੇ ਅਤੇ ਦਿਨ ਵਿਚ ਪਾਣੀ ਪੀਂਦਾ ਰਹੇ।ਸਾਰੀਆਂ ਜਮਾਤਾਂ ਵਿਚ ਮੌਨੀਟਰ ਹਨ ਜਿਹੜੇ ਕਿ ਰੋਜ਼ਾਨਾ ਪਾਣੀ ਦੀਆਂ ਬੋਤਲਾਂ ਧੋ ਕੇ ਤਾਜ਼ੇ ਪਾਣੀ ਨਾਲ ਭਰਦੇ ਹਨ।ਕਿਰਪਾ ਕਰਕੇ ਯਕੀਨੀ ਬਣਾਉਣਾ ਕਿ ਆਪ ਜੀ ਦੇ ਬੱਚੇ ਦੀ ਪਾਣੀ ਦੀ ਬੋਤਲ ਉੱਤੇ ਉਸ ਦਾ ਨਾਮ ਸਪਸ਼ਟ ਅਖਰਾਂ ਵਿਚ ਲਿਖਿਆ ਹੋਵੇ।

### ਸਕੂਲ ਨਰਸ

ਸਕੂਲ ਨਰਸ ਫੌਜ਼ੀਆ ਇਕਬਾਲ ਇਕ ਮੁਲਾਕਾਤੀ ਸੈਸ਼ਨਾਂ ਲਈ ਹੇਠ ਲਿਖੇ ਦਿਨਾਂ ਵਿਚ ਸਵੇਰੇ ੮.੪੫ ਤੋਂ ਸਕੂਲ ਆਉਣਗੇ:

- **ਸ਼ੁਕਰਵਾਰ ੧੧ ਫਰਵਰੀ**
- ਮੰਗਲਵਾਰ ੧੦ ਮਾਰਚ
- ਬੁੱਧਵਾਰ ੧੫ ਅਪਰੈਲ

ਕਿਰਪਾ ਕਰਕੇ ਇਸ ਸਮੇਂ ਦੀ ਵਰਤੋਂ ਇਕ ਮੌਕੇ ਵਜੋਂ ਆਪਣੇ ਬੱਚੇ ਦੀ ਸਿਹਤ/ਮੈਡੀਕਲ ਸੰਬੰਧੀ ਵਿਚਾਰ ਕਰਨ ਲਈ ਕਰਨਾ ਜੀ, ਜੇਕਰ ਤੁਸੀਂ ਉਸਦੀ ਸਿਹਤ ਬਾਰੇ ਕਿਸੇ ਪੱਖੋਂ ਚਿੰਤਿਤ ਹੋ।ਉਹ ਸਿਹਤਮੰਦ ਖ਼ੁਰਾਕ, ਅਸਥਮਾ,ਐਲਰਜੀ ਆਦਿ ਦੇ ਵਿਸ਼ਿਆਂ ਬਾਰੇ ਗੱਲਬਾਤ ਕਰ ਸਕਣਗੇ।

### ਹਾਜ਼ਰੀ

ਚੰਗੀ ਹਾਜ਼ਰੀ ਅਤੇ ਸਮੇਂ ਦੀ ਪਾਬੰਦੀ ਤੁਹਾਡੇ ਬੱਚੇ ਦੀ ਸਿਖਿਆ ਅਤੇ ਉੱਚੀਆਂ ਪ੍ਰਾਪਤੀਆਂ ਲਈ ਬਹੁਤ ਮਹਤਵਪੂਰਨ ਹੈ।ਲੰਮੀ ਜਾਂ ਅਕਸਰ ਛੁੱਟੀ ਸਿਖਿਆ ਵਿਚ ਰੁਕਾਵਟ ਹੈ ਅਤੇ ਜੋ ਸਿਖਣਾ ਰਹਿ ਜਾਂਦਾ ਹੈ ਉਸ ਬਾਅਦ ਵਿਚ ਸਿਖਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ।ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡਾ ਬੱਚਾ ਰੋਜ਼ਾਨਾ ਅਤੇ ਸਮੇਂ ਸਿਰ ਸਕੂਲ ਆਵੇ।ਸਕੂਲ ਇਸ ਸਥਿਤੀ ਵਿਚ ਦਖਲ ਦੇਵੇਗਾ ਜੇਕਰ ਤੁਹਾਡੇ ਬੱਚੇ ਦੀ ਹਾਜ਼ਰੀ ਦਾ ਪੱਧਰ ਪੂਰੇ ਦਿਨ ਦੀ ਸਕੂਲੀ ਸਿਖਿਆ ਦੀ ਲੋੜ ਤੋਂ ਹੇਠਾਂ ਆਵੇਗਾ।ਕਿਰਪਾ ਕਰਕੇ ਸਕੂਲੀ ਦਿਨਾਂ ਵਿਚ ਛੁੱਟੀ ਨਾ ਮੰਗਣਾ ਕਿਉਂਕਿ ਇਹ ਨਹੀਂ ਮਿਲ ਸਕੇਗੀ।

### ਐਪੌਇੰਟਮੈਂਟਸ

ਬੱਚਿਆਂ ਦੀਆਂ ਐਪੌਇੰਟਮੈਂਟਸ ਸਕੂਲ ਦੇ ਸਮੇਂ ਤੋਂ ਬਾਅਦ ਬਣਾਈਆਂ ਜਾਣੀਆਂ ਚਾਹੀਦੀਆਂ ਹਨ।ਜੇਕਰ ਤੁਸੀਂ ਸਕੂਲ ਦੇ ਸਮੇਂ ਦੇ ਦੌਰਾਨ ਬੱਚੇ ਨੂੰ ਲਿਜਾਣਾ ਹੈ ਤਾਂ ਐਪੌਇੰਟਮੈਂਟ ਦੀ ਚਿੱਠੀ ਜਾਂ ਕਾਰਡ ਲਿਆਣਾ ਲਾਜ਼ਮੀ ਹੈ।ਸੰਕਟਕਾਲੀਨ ਐਪੌਇੰਟਮੈਂਟ ਦੀ ਹਾਲਤ ਵਿਚ ਸਵੇਰੇ ਸਕੂਲ ਦਫ਼ਤਰ ਨੂੰ ਸੂਚਨਾ ਦੇਣਾ ਜ਼ਰੂਰੀ ਹੈ।ਧਨਵਾਦ ਜੀ।




### ਬੱਚਿਆਂ ਨੂੰ ਛਡਣਾ

ਤੁਹਾਡੇ ਬੱਚਿਆਂ ਦੀ ਸੁਰਖਿਆ ਲਈ ਜ਼ਰੂਰੀ ਹੈ ਕਿ ਤੁਸੀਂ ਬੱਚਿਆਂ ਨੂੰ ਛਡਦੇ ਸਮੇਂ ਸਕੂਲ ਦੇ ਗਰਾਊਂਡ ਵਿਚ ਉਨ੍ਹਾਂ ਦੇ ਨਾਲ ਰਹੋ।ਕਿਰਪਾ ਕਰਕੇ ਉਦੋਂ ਤੱਕ ਉਨ੍ਹਾਂ ਦੇ ਨਾਲ ਰਹੋ ਜਦੋਂ ਤੱਕ ਕਿ ਅਧਿਆਪਕ ਉਨ੍ਹਾਂ ਨੂੰ ਆਪਣੇ ਨਾਲ ਨਾ ਲੈ ਜਾਣ। ਕਿਰਪਾ ਕਰਕੇ ਆਪਣੇ ਬੱਚੇ ਨੂੰ ਪੈਦਲ ਵਾਲੇ ਗੇਟ ਤੇ ਛੱਡ ਕੇ ਨਾ ਚਲੇ ਜਾਓ।


### ਵਿਸਾਖੀ ਦੇ ਸਮਾਗਮ

ਇਸ ਸਾਲ ਵਿਸਾਖੀ ਦੇ ਸਮਾਗਮ ਸਕੂਲ ਵਿਚ ਅਸੀਂ ੧ ਮਈ ਨੂੰ ਮਨਾਵਾਂਗੇ।ਅਸੀਂ ਨਿਸ਼ਾਨ ਸਾਹਿਬ ਉੱਤੇ ਵੀ ਨਵਾਂ ਚੋਲਾ ਚੜ੍ਹਾਵਾਂਗੇ।ਜੇਕਰ ਕੋਈ ਮਾਪੇ ਨਿਸ਼ਾਨ ਸਾਹਿਬ ਲਈ ਕੇਸਰੀ ਬਾਣੇ ਦੀ ਸੇਵਾ ਕਰਨਾ ਚਾਹੁੰਦੇ ਹਨ ਤਾਂ ਉਹ ਕਿਰਪਾ ਕਰਕੇ ਸਕੂਲ ਦਫ਼ਤਰ ਨਾਲ ਸੰਪਰਕ ਕਰਨ।

### ਇਸ ਹਫ਼ਤੇ ਦਾ ਵਿਚਾਰ

**"ਅੰਤ ਵਿਚ ਪਰਮਾਤਮਾ ਹੀ ਮੇਰਾ ਸਹਿਯੋਗੀ ਅਤੇ ਮਦਦਗਾਰ ਹੋਵੇਗਾ।"**

### ਹਾਜ਼ਰੀ



੩੦/੦੧/੧੫ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਅਮਰ ਦਾਸ ਜੀ ਜਮਾਤ** ਨੂੰ ਸ਼ਾਬਾਸ਼ ਹੇ।

### ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ੨ ਫਰਵਰੀ ਤੋਂ ਸ਼ੁਰੂ ਹੁੰਦਾ ਹਫ਼ਤਾ | ਪੁਸਤਕ ਮੇਲਾ<br>ਰੋਜ਼ ਦੁਪਿਹਰ ੩.੨੦ ਤੋਂ ੩.੪੫ ਵਜੇ ਤੱਕ (ਸਕੂਲ ਦੇ ਛੋਟੇ ਹਾਲ ਵਿਚ) |
| ਸ਼ੁਕਰਵਾਰ ੬ ਫਰਵਰੀ | ਮਿਸ ਪਾਨੇਸਰ ਦੀ ਰਿਸੈਪਸ਼ਨ ਜਮਾਤ–ਸ਼ਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਜਮਾਤੀ ਸਭਾ |
| ਵੀਰਵਾਰ ੧੨ ਫਰਵਰੀ | ਰਿਸੈਪਸ਼ਨ ਦਾ ਟਰਿਪ–ਐਮੀਰੈਟਸ ਏਵੀਏਸ਼ਨ ਸੈਂਟਰ |
| ਸੋਮਵਾਰ ੧੬–ਸ਼ੁਕਰਵਾਰ ੨੦ ਫਰਵਰੀ | ਹਾਫ ਟਰਮ ਬਰੇਕ |

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਨਾਮ ਜਪਣਾ** ਹੈ। ਬੱਚੇ ਜਿਨ੍ਹਾਂ ਨੂੰ ੨੩/੦੧/੨੦੧੫ ਨੂੰ ਸਮਾਪਤ ਹੋਏ ਹਫ਼ੇ **ਵੰਡ ਛਕਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:

**ਪੰਜਵੀ ਜਮਾਤ:**
ਗੁਰੂ ਹਰਕ੍ਰਿਸ਼ਨ ਸਾਹਿਬ ਜੀ – ਤਾਜਨੀਤ
ਗੁਰੂ ਹਰਰਾਏ ਸਾਹਿਬ ਜੀ – ਤਨਵੀਨ

**ਚੋਥੀ ਜਮਾਤ:**
ਗੁਰੂ ਹਰਗੋਬਿੰਦ ਸਾਹਿਬ ਜੀ – ਨਿਕਿਤਾ
ਗੁਰੂ ਅਰਜਨ ਦੇਵ ਜੀ – ਸਿਮਰਤ

**ਤੀਜੀ ਜਮਾਤ:**
ਗੁਰੂ ਰਾਮਦਾਸ ਜੀ – ਸੋਨਮਪ੍ਰੀਤ
ਗੁਰੂ ਅਮਰਦਾਸ ਜੀ – ਅਮਨਦੀਪ

**ਦੂਜੀ ਜਮਾਤ:**
ਗੁਰੂ ਨਾਨਕ ਦੇਵ ਜੀ – ਅੰਮ੍ਰਿਤ
ਗੁਰੂ ਅੰਗਦ ਦੇਵ ਜੀ – ਬਵਨੀਤ

**ਪਹਿਲੀ ਜਮਾਤ:**
ਸ਼ਾਹਿਬਜ਼ਾਦਾ ਅਜੀਤ ਸਿੰਘ ਜੀ – ਗੁਰਨੀਤ
ਸ਼ਾਹਿਬਜ਼ਾਦਾ ਜੁਝਾਰ ਸਿੰਘ ਜੀ – ਰਾਜਪ੍ਰੀਤ

**ਰਿਸੈਪਸ਼ਨ**
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ – ਸੰਜਨਾ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ – ਸਿਮਰਨ







**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk